# PC–988/ML

**U–28/2051**

ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)–A

(Semester–II)

Time : Three Hours] [Maximum Marks : 75

## ਭਾਗ-ੳ

I. ਨਿਮਨ-ਦਰਜ ਵਿਚੋਂ ਕਿਸੇ *15* ਦੇ ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ ਅਤੇ ਸਰਲ ਵਾਕ ਬਣਾਓ :

(ੳ) ਕੈਦਾ, ਸ਼ੈਰ, ਦੁੱਦ, ਭੈਨ, ਕੁਜ, ਬੌਤ, ਸੋਜੀ, ਬਾਜਾ, ਬੱਡਾ।

(ਅ) ਬਸਤੂ, ਬਹੁਟੀ, ਬਿਦਯਾ, ਪਯਾਰ, ਬਜੀਰ, ਅਕਾਂਤ, ਭੜ੍ਹਾਈ, ਨੈਹਰੀ, ਸ਼ੈਹਰੀ।

(ੲ) ਬਸੀਯਤ, ਕਚੈਹਰੀ, ਸੁਨੈਹਰੀ, ਮੇਹਨਤ, ਅਕਲੌਤਾ, ਮੈਹਮਾਨ, ਵਿਦਯਾਰਥੀ, ਅੰਬਰਸਰ। 15

II. ਸ਼ਬਦਾਂ ਦੀਆਂ ਸ਼ਰੇਣੀਆਂ ਦਾ ਸਿਧਾਂਤ, ਪਛਾਣ ਅਤੇ ਇਸ ਦੀ ਵਰਤੋਂ ਬਾਰੇ ਜਾਣਕਾਰੀ ਦਿਓ।

*ਜਾਂ*

ਵਿਆਕਰਨਕ ਵਰਗਾਂ ਦੀ ਪਛਾਣ ਅਤੇ ਵਰਤੋਂ ਦੀ ਚਰਚਾ ਕਰੋ। 10

## ਭਾਗ–ਅ

III. ਪੰਜਾਬੀ ਸ਼ਬਦ ਬਣਤਰਾਂ ਦੇ ਸਿਧਾਂਤ, ਪਛਾਣ ਅਤੇ ਵਰਤੋਂ ਦੀ ਉਦਾਹਰਣਾਂ ਨਾਲ ਚਰਚਾ ਕਰੋ।

*ਜਾਂ*

ਵਾਕੰਸ਼, ਉਪਵਾਕ ਅਤੇ ਵਾਕ ਵਿਚਲੇ ਅੰਤਰ ਨੂੰ ਉਦਾਹਰਣਾਂ ਨਾਲ ਸਪੱਸ਼ਟ ਕਰੋ। 10

IV. ਨਿਮਨ-ਦਰਜ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :

ਚਲੋ ਬਾਈ ਸਾਥੀਓ ਆ ਜਾਓ ਖਾਣਾ ਤਿਆਰ ਹੈ ਅਜ ਖਾਣੇ ਵਿਚ ਕੀ ਬਣਿਆ ਹੈ ਇਹ ਤਾਂ ਮੈਨੂੰ ਆਪ ਵੀ ਨਹੀਂ ਪਤਾ ਕੈਂਪ ਦੇ ਸਾਹਬ ਨੇ ਕਿਹਾ ਹੈ ਕਿ ਖਾਣੇ ਲਈ ਸਾਰੇ ਵਿਦਿਆਰਥੀਆਂ ਨੂੰ ਬੁਲਾ ਲਓ ਖੀਰ ਜ਼ਰੂਰ ਬਣੀ ਹੈ ਕਿਉਂ ਕਿ ਖੀਰ ਬਣਦੀ ਹੋਈ ਮੈਂ ਆਪ ਵੇਖੀ ਹੈ ਫਿਰ ਤੂੰ ਵੇਖੀ ਹੀ ਨਹੀਂ ਹੋਣੀ ਖਾਧੀ ਵੀ ਹੋਣੀ ਹੈ ਅਤੇ ਸਾਰੇ ਹੱਸ ਪਏ 10

## ਭਾਗ-ੲ

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਗੰਡ, ਬੈਹ ਨੂੰ ਸ਼ੁੱਧ ਕਰਕੇ ਵਾਕ ਬਣਾਓ।
2. ਬਦੂਕ, ਸੇਹਤ ਨੂੰ ਸ਼ੁੱਧ ਕਰਕੇ ਵਾਕਾਂ ਵਿਚ ਵਰਤੋ।
3. ਸਤਕਾਰ, ਅਤਹਾਸ ਨੂੰ ਸ਼ੁੱਧ ਕਰਕੇ ਵਾਕ ਬਣਾਓ।
4. ਮੇਹਰਬਾਨੀ, ਪਰੀਵਰਤਨ ਨੂੰ ਵਾਕਾਂ ਵਿਚ ਵਰਤੋ।
5. ਚੰਡੀਗੜ੍ਹ, ਵਿਦਿਆਰਥੀ ਨੂੰ ਨਾਂਵ ਵਜੋਂ ਵਰਤ ਕੇ ਵਾਕ ਬਣਾਓ।
6. ਦੌੜਨਾ, ਬੋਲਣਾ ਨੂੰ ਕਿਰਿਆ ਵਜੋਂ ਵਾਕਾਂ ਵਿਚ ਵਰਤੋ।
7. ਲੰਮਾ, ਓੱਚਾ ਨੂੰ ਵਿਸ਼ੇਸ਼ਣ ਵਜੋਂ ਵਰਤ ਕੇ ਵਾਕ ਬਣਾਓ।
8. ਧੋਬੀ, ਡਾਕਟਰ ਦਾ ਲਿੰਗ ਵਰਤ ਕੇ ਵਾਕ ਬਣਾਓ।
9. ਨਹਿਰ, ਕਿਤਾਬਾਂ ਦਾ ਵਚਨ ਬਦਲੋ ਅਤੇ ਵਾਕ ਬਣਾਓ।
10. 'ਨਿਰ' ਅਤੇ 'ਬੇ' ਨੂੰ ਅਗੇਤਰ ਵਜੋਂ ਵਰਤ ਕੇ ਇਕ-ਇਕ ਸ਼ਬਦ ਲਿਖੋ।
11. ਵਾਕੰਸ਼ ਤੋਂ ਕੀ ਭਾਵ ਹੈ? ਇਕ ਉਦਾਹਰਣ ਦਰਜ ਕਰੋ।

12. ਉਪਵਾਕ ਕੀ ਹੁੰਦਾ ਹੈ? ਉਦਾਹਰਣ ਨਾਲ ਸਪੱਸ਼ਟ ਕਰੋ।

13. ਵਾਕ ਦੇ ਅਰਥ ਲਿਖੋ ਅਤੇ ਇਕ ਉਦਾਹਰਣ ਦਰਜ ਕਰੋ।

14. 'ਅਧਿਆਪਕ' ਨੂੰ ਵਰਤ ਕੇ ਇਕ ਪ੍ਰਸ਼ਨ-ਸੂਚਕ ਵਾਕ ਬਣਾਓ।

15. ਵਿਸ਼ਰਾਮ ਚਿੰਨ੍ਹ ਕੀ ਹੁੰਦੇ ਹਨ? ਤਿੰਨ ਵਿਸ਼ਰਾਮ-ਚਿੰਨ੍ਹ ਦਰਜ ਕਰੋ। 15×2=30

———————